9th June, 2000



# ਰਾਜਨੀਤੀ, ਸਮਾਜ ਅਤੇ ਨਾਟਕ

## ਕਲਾ ਤੇ ਜ਼ਿੰਦਗੀ

ਗੁਰਸ਼ਰਨ ਸਿੰਘ



ਰਾਜਨੀਤੀ, ਸਮਾਜ ਦੇ ਆਪਸੀ ਸਬੰਧ ਬਾਰੇ ਆਮ ਚਰਚਾ ਰਹਿੰਦੀ ਹੈ। ਬਹੁਤ ਵਾਰੀ ਕਿਹਾ ਕ ਸਾਹਿਤ ਨੂੰ ਰਾਜਨੀਤੀ ਤੋਂ ਵੱਖ ਰਹੀ ਹੈ। ਇਕ ਹੱਦ ਤਕ ਇਸ ਗੱਲ ਰਤੀ ਹੋ ਸਕਦੀ ਹੈ ਕਿ ਸਾਹਿਤਕਾਰ ੀ ਪਾਰਟੀ ਦਾ ਸਰਗਰਮ ਕਾਰਕੁਨ ਵਿਚਰੇ, ਪਰ ਜਦੋਂ ਇਹ ਕਿਹਾ ਜਾ ਸਾਹਿਤ ਦਾ ਰਾਜਨੀਤੀ ਨਾਲ ਕੋਰ ਨਹੀਂ ਤਾਂ ਇਹਦਾ ਮਤਲਬ ਸਾ ਸਾਹਿਤਕਾਰ ਆਪਣੀ ਸਮਾਜਿਕ ਜ਼ਿ ਤੋਂ ਨੱਸ ਰਿਹਾ ਹੈ। ਸਾਹਿਤ ਸਮਾਜ ਪ੍ਰਾ ਫਰਜ਼ ਨਹੀਂ ਨਿਭਾ ਰਿਹਾ। ਨਾਟਕ ਾ ਹੀ ਇਕ ਰੂਪ ਹੈ ਭਾਵੇਂ ਜਿੱਥੇ ਇਹਦਾਖਤ ਰੂਪ ਵਿਚ ਹੁੰਦਾ ਹੈ, ਇਹਦਾ ਤੁਾਂਧਾ ਦਰਸ਼ਕਾਂ ਨਾਲ ਵੀ ਹੁੰਦਾ ਹੈ। ਦਕਾਂ ਦੇ ਮੁਕਾਬਲੇ ਵਿਚ ਬਹੁਤੀ ਗਿਣਤੀ ਹਨ ਤੇ ਇਹ ਵੀ ਸਚਾਈ ਹੈ ਕਿ ( ਬੌਧਿਕ ਪੱਧਰ ਬਹੁਤੀ ਵਾਰੀ ਸਾਹਿਤਾਂ ਦੇ ਪੱਧਰ ਦਾ ਨਹੀਂ ਹੁੰਦਾ। ਇਸੇ ਿ ਵਿਚ ਪੰਜਾਬੀ ਨਾਟਕ ਦੀ ਇਹ ਵਿਸ਼ੇਸ਼ ਜਾ ਸਕਦੀ ਹੈ ਅਤੇ ਇਹ ਵਿਸ਼ੇਸ਼ਤਾ ਰ 'ਤੇ ਸਵੀਕਾਰ ਕੀਤੀ ਗਈ ਹੈ ਕਿ ਖ ਤੌਰ 'ਤੇ ਰਾਜਨੀਤੀ ਨਾਲ ਜੁੜਿਆ ਹੈ ਅਤੇ ਇਹ ਰਾਜਨੀਤਕ ਚੇਤਨਾਪਣੀ ਭੂਮਿਕਾ ਨਿਭਾਉਂਦਾ ਹੈ।

ਮਿਸਾਲ 3 ਜੂਨ ਖ ਹੋਈ ਮਨੁੱਖੀ ਅਧਿਕਾਰਾਂ ਲਈ ਕਾ ਦੀ ਲਈ ਜਾ ਸਕਦੀ ਹੈ। ਇਹ ਕਾਨਆਲ ਇੰਡੀਆ ਹਿਊਮਨ ਰਾਈਟਜ਼ ਵਨੁੱਖ ਅਧਿਕਾਰਾਂ ਦੀ ਪਹਿਰੇਦਾਰੀ) ਵਲੋਂਗਈ ਸੀ। ਇਹ ਜਥੇਬੰਦੀ ਚੇਤਨ ਸ਼ਹਿਰੀ ਕੋਸ਼ਿਸ਼ ਨਾਲ ਹੋਂਦ ਵਿਚ ਆਈ ਹੈਵਿਚ ਵਕੀਲ, ਡਾਕਟਰ, ਸਾਬਕਾ ਫੌਜ਼ਰ ਆਦਿ ਸ਼ਾਮਲ ਹਨ। ਕਾਨਫਰੰਸ ਵਿਟਸ ਕੁਲਦੀਪ ਸਿੰਘ, ਅਜੀਤ ਸਿੰਘ ਤੇ ਹੋਰ ਪਤਵੰਤੇ ਸ਼ਾਮਲ ਸਨ। ਇਕ ਰ ਤੌਰ 'ਤੇ ਇਸ ਕਾਨਫਰੰਸ ਵਿਚ ਉਭਾਈ ਕਿ ਮੌਜੂਦ ਸਿਸਟਮ ਵਿਚ ਰਾਜਨੀਂ, ਨੌਕਰਸ਼ਾਹੀ ਅਤੇ ਪੁਲੀਸ ਦਾ ਇਕ ੜ ਬਣ ਗਿਆ ਹੈ ਜੋ ਆਮ ਸ਼ਹਿਰੀ ਲਾਤ ਹੀ ਘਾਤਕ ਸਾਬਤ ਹੋ ਰਿਹਾ ਹੈ। ਹੀ ਗੱਲ ਬਹੁਤ ਅਸਰਦਾਇਕ ਤਰੀਕੇ ਨਫਰੰਸ ਦੇ ਅਖੀਰ ਵਿਚ ਵਿਖਾਏ ਗਏ ਨਾਰਾਜ, ਮਹਾਰਾਜਾ ਰਣਜੀਤ ਸਿੰਘ ਦਾ, 'ਇਨਾਮ' ਵਿਚ ਵਿਖਾਈ ਗਈ। ਦਰਸ਼ ਇਸ ਦਾ ਅਸਰ ਪੂਰੀ ਤਰ੍ਹਾਂ ਕਬੂਲਿਆ ਕ ਦੀ ਸਮਾਜਿਕ ਚੇਤਨਾ ਨੂੰ ਤੀਖਣ ਕਰੀ ਭੂਮਿਕਾ ਪੂਰੀ ਤਰ੍ਹਾਂ ਸਾਬਤ ਹੋਈ।

ਨਾਟਕ ਦੀ ਇਸ ਾ ਦਾ ਅਹਿਸਾਸ ਹਾਲੇ ਤਕ ਲੋਕਾਂ ਨੂੰ ਪੂਰਾਂ ਨਹੀਂ ਹੋਇਆ।

ਸਮਝਦੇ ਹਨ। ਤਾਹੀਓਂ ਆਖਿਆ ਜਾਂਦਾ ਹੈ ਕਿ ਨਾਟਕ ਰਾਜਸੀ ਜਲਸਿਆਂ ਵਿਚ ਭੀੜ ਇਕੱਠੀ ਕਰਨ ਲਈ ਹੈ। ਇਸ ਧਾਰਨਾ ਨੂੰ ਬਦਲਣ ਦੀ ਲੋੜ ਹੈ। ਇਹ ਦਾਅਵੇ ਨਾਲ ਕਿਹਾ ਜਾ ਸਕਦਾ ਹੈ ਕਿ ਨਾਟਕ ਸਮਾਜਿਕ ਚੇਤਨਾ ਦੇ ਅਮਲ ਦਾ ਇਕ ਸ਼ਕਤੀਸ਼ਾਲੀ ਸਾਧਨ ਹੈ ਤੇ ਇਸ ਨੂੰ ਬੜੀ ਸੰਜੀਦਗੀ ਨਾਲ ਲੈਣ ਦੀ ਲੋੜ ਹੈ। ਅੱਜ ਦੇ ਪੰਜਾਬ ਦੇ ਰਾਜਨੀਕ ਅਤੇ ਸਮਾਜਿਕ ਵਰਤਾਰੇ ਬਾਰੇ ਇਹ ਗੱਲ ਸਪਸ਼ਟ ਤੌਰ 'ਤੇ ਕਹੀ ਜਾ ਸਕਦੀ ਹੈ ਕਿ ਇਹ ਗਰੀਬ ਦੁਸ਼ਮਣ ਵਰਤਾਰਾ ਹੈ। ਗਰੀਬ ਦੀ ਜ਼ਿੰਦਗੀ ਔਖੀ ਤੋਂ ਔਖੀ ਹੋ ਰਹੀ ਹੈ। ਭ੍ਰਿਸ਼ਟਾਚਾਰ ਦਾ ਪੂਰੀ ਤਰ੍ਹਾਂ ਬੋਲਬਾਲਾ ਹੈ। ਪੁਲੀਸ ਥਾਣਿਆਂ ਵਿਚ ਆਮ ਆਦਮੀ ਨਾਲ ਦੁਰਵਿਹਾਰ ਹੈ। ਕਚਹਿਰੀਆਂ ਵਿਚ ਇਨਸਾਫ ਨਹੀਂ ਕਿਉਂਕਿ ਗਵਾਹੀਆਂ ਦੇ ਭੁਗਤਾਨ ਦਾ ਅਮਲ ਇਕ ਸਿਰੇ ਤੋਂ ਭ੍ਰਿਸ਼ਟ ਹੈ। ਬੁਨਿਆਦੀ ਅਧਿਕਾਰਾਂ ਦੀ ਪੂਰੀ ਤਰ੍ਹਾਂ ਉਲੰਘਣਾ ਹੈ। ਇਸ ਵਰਤਾਰੇ ਵਿਰੁੱਧ ਲੋਕ ਲਾਮਬੰਦੀ ਦੀ ਲੋੜ ਹੈ ਅਤੇ ਇਸ ਦਾ ਪਹਿਲਾ ਕਦਮ ਲੋਕਾਂ ਨੂੰ ਅਹਿਸਾਸ ਦਿਵਾਉਣਾ ਹੈ ਕਿ ਇਹ ਵਰਤਾਰਾ ਜੀਣ ਦੇ ਯੋਗ ਨਹੀਂ। ਇਹ ਕੰਮ ਰਾਜਸੀ ਨਾਟਕ ਦੇ ਜ਼ਿੰਮੇ ਹੈ। ਜੂਨ 1975 ਵਿਚ ਐਮਰਜੈਂਸੀ ਲੱਗੀ। ਪੰਜਾਬ ਵਿਚ ਇਹਦੇ ਵਿਰੁੱਧ ਅਕਾਲੀਆਂ ਨੇ ਮੋਰਚਾ ਲਗਾਇਆ। ਸੈਂਕੜੇ ਜੇਲ੍ਹਾਂ ਵਿਚ ਗਏ। ਇਸੇ ਸਿਲਸਿਲੇ ਵਿਚ 9 ਸਤੰਬਰ 1975 ਨੂੰ ਅੰਮ੍ਰਿਤਸਰ ਵਿਖੇ ਅਸੀਂ ਆਪਣੇ ਨਾਟਕ ਕਲਾ ਕੇਂਦਰ ਵਲੋਂ ਨਜਮ ਹੁਸੈਨ ਸਈਅਦ ਦਾ ਨਾਟਕ 'ਤਖ਼ਤ ਲਾਹੌਰ ਦਾ' ਜੋ ਕਿ ਅਯੂਬ ਦੀ ਤਾਨਾਸ਼ਾਹੀ ਨੂੰ ਮੁੱਖ ਰੱਖ ਕੇ ਲਿਖਿਆ ਗਿਆ ਸੀ, ਪੇਸ਼ ਕੀਤਾ। ਇਸੇ ਮੌਕੇ ਇਕ ਨਾਚ ਨਾਟਕ 'ਮਸ਼ਾਲ' ਵੀ ਪੇਸ਼ ਕੀਤਾ। ਕਲਾ ਵਲੋਂ ਤਾਨਾਸ਼ਾਹੀ ਦੇ ਵਿਰੁੱਧ ਇਹ ਇਕ ਸ਼ਕਤੀਸ਼ਾਲੀ ਅਤੇ ਇਤਿਹਾਸਕ ਆਵਾਜ਼ ਸੀ ਭਾਵੇਂ ਇਸ ਸੱਚ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ 25 ਸਾਲ ਲੰਘਣ ਤੋਂ ਬਾਅਦ ਵੀ ਇਸ ਘਟਨਾ ਦਾ ਪੰਜਾਬੀ ਨਾਟਕ ਦੇ ਇਤਿਹਾਸ ਵਿਚ ਜ਼ਿਕਰ ਨਹੀਂ ਆਇਆ ਕਿਉਂਕਿ ਨਾਟਕ ਦੇ ਇਸ ਅਹਿਮ ਰੂਪ ਦੀ ਪਹਿਚਾਣ ਹਾਲੀ ਤਕ ਨਹੀਂ ਕੀਤੀ ਗਈ।

ਪੰਜਾਬ ਵਿਚ 1970 ਦੇ ਨੇੜੇ ਨਕਸਲੀ ਲਹਿਰ ਦੇ ਦੌਰ ਵਿਚ ਝੂਠੇ ਪੁਲੀਸ ਮੁਕਾਬਲੇ ਦਾ ਘਿਣਾਉਣਾ ਅਮਲ ਸ਼ੁਰੂ ਹੋਇਆ। ਜਸਟਿਸ ਅਜੀਤ ਸਿੰਘ ਬੈਂਸ ਨੇ ਦਸਤਾਵੇਜ਼ੀ ਸਬੂਤਾਂ ਕਮਿਸ਼ਨ ਨੇ ਵੀ ਇਹ ਸਾਬਤ ਕੀਤਾ। ਇਸ ਸਿਲਸਿਲੇ ਵਿਚ ਵੀ ਇਹ ਦਾਅਵੇ ਨਾਲ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਨਾਟਕ ਨੇ ਇਸ ਜ਼ਬਰ ਵਿਰੁੱਧ ਬੇਖੌਫ ਆਵਾਜ਼ ਉਠਾਈ। ਮੇਰਾ ਆਪਣਾ ਨਾਟਕ 'ਹੋਰ ਵੀ ਉਠ ਸੀ ਮਰਦ ਕਾ ਚੇਲਾ' ਅਤੇ ਅਜਮੇਰ ਔਲਖ ਦਾ ਨਾਟਕ 'ਯਾਰੜੇ ਦਾ ਸੱਥਰ' ਇਹਦੀਆਂ ਮਿਸਾਲਾਂ ਹਨ। ਨਾਟਕਕਾਰਾਂ ਨੇ ਚੁੱਪ ਦਰਸ਼ਕ ਬਣ ਕੇ ਸਭ ਕੁਝ ਨੂੰ ਨਹੀਂ ਕਬੂਲਿਆ। ਜ਼ੋਰਦਾਰ ਟਿਪਣੀ ਕੀਤੀ ਅਤੇ ਇਸ ਦੇ ਲਈ ਜੇਲ੍ਹਾਂ ਵੀ ਕਬੂਲੀਆਂ।

ਪੰਜਾਬ ਦੇ 1981-93 ਦੇ ਦੌਰ ਵਿਚ ਵੀ ਨਾਟਕਕਾਰਾਂ ਨੇ ਇਕ ਪਾਸੇ ਧਾਰਮਿਕ ਜਨੂੰਨੀਆਂ ਅਤੇ ਦੂਜੇ ਪਾਸੇ ਹਕੂਮਤੀ ਜਬਰ ਦੇ ਵਿਰੁੱਧ ਨਿਰਪੱਖ ਹੋ ਕੇ ਆਵਾਜ਼ ਉਠਾਈ। ਇਸ ਸੰਦਰਭ ਵਿਚ ਅਨੇਕਾਂ ਨਾਟਕ ਲਿਖੇ ਗਏ। ਕਦੀ ਇਸ ਦੌਰ ਦਾ ਇਤਿਹਾਸ ਲਿਖਿਆ ਜਾਏਗਾ ਤਾਂ ਇਨ੍ਹਾਂ ਨਾਟਕਾਂ ਜ਼ਿਕਰ ਕੀਤੇ ਬਿਨਾਂ ਇਤਿਹਾਸ ਪੂਰਾ ਨਹੀਂ ਕਿਹਾ ਜਾ ਸਕੇਗਾ। ਇਕ ਕੁਰਸੀ ਇਕ ਮੋਰਚਾ, ਹਵਾ ਵਿਚ ਲਟਕਦੇ ਲੋਕ, ਸਾਧਾਰਨ ਲੋਕ, ਹਰ ਇਕ ਨੂੰ ਜੀਣ ਦਾ ਹੱਕ ਹੈ, ਕਰਫਿਊ, ਬਾਬਾ ਬੋਲਦਾ ਹੈ, ਮੈਂ ਉਗਰਵਾਦੀ ਨਹੀਂ ਹਾਂ, ਮੌਤ ਦਰ ਮੌਤ, ਸੁਖੀ ਬਸੈ ਮਸਕੀਨੀਆਂ, ਟੁੰਡਾ ਹੌਲਦਾਰ, ਰਾਜ ਸਾਹਿਬਾਂ ਦਾ, ਦਾਸਤਾਨੇ ਪੰਜਾਬ, ਉਸ ਦੌਰ ਵਿਚ ਮੇਰੇ ਆਪਣੇ ਲਿਖੇ ਨਾਟਕ ਹਨ ਜੋ ਪੰਜਾਬ ਦੀਆਂ ਸਟੇਜਾਂ 'ਤੇ ਪੂਰੀ ਸਫਲਤਾ ਅਤੇ ਨਿਡਰਤਾ ਨਾਲ ਖੇਡੇ ਗਏ। ਅਜਮੇਰ ਔਲਖ ਦੇ ਨਾਟਕ 'ਅੰਨੇ ਨਿਸ਼ਾਨਚੀ' ਅਤੇ ਫਿਰਕੂ ਜਨੂੰਨ ਦੇ ਵਿਰੁੱਧ ਮੰਟੋ ਦੀ ਕਹਾਣੀ ਟੋਬਾ ਟੇਕ ਸਿੰਘ ਤੇ ਆਧਾਰਤ ਨਾਟਕ 'ਰਿਸ਼ਤਿਆਂ ਦਾ ਕੀ ਰਖੀਏ ਨਾਂ' ਹੋਰ ਇਤਿਹਾਸਕ ਮਿਸਾਲਾਂ ਹਨ।

ਰਾਜਸੀ ਵਰਤਾਰੇ ਬਾਰੇ ਕੁਝ ਨਾਟਕ ਸਿੱਧੀ ਅਤੇ ਕੁਝ ਸੰਕੇਤਕ ਸ਼ੈਲੀ ਵਿਚ ਗੱਲ ਕਰਦੇ ਸਨ। ਬਹੁਤ ਵਾਰ ਸਿੱਧੀ ਗੱਲ ਕਰਨ ਦੀ ਲੋੜ ਮਸਲੇ ਬਾਰੇ ਤੀਖਣਤਾ ਕਰਕੇ ਹੁੰਦੀ ਹੈ। ਮੈਨੂੰ ਯਾਦ ਹੈ ਜਦੋਂ 22 ਫਰਵਰੀ 1984 ਪ੍ਰੀਤਲੜੀ ਦੇ ਨੌਜਵਾਨ ਸੰਪਾਦਕ ਸੁਮੀਤ ਸਿੰਘ ਦੀ ਹੱਤਿਆ ਹੋਈ ਤਾਂ ਘੰਟਿਆਂ ਬੱਧੀ ਮੈਂ ਅੰਮ੍ਰਿਤਸਰ ਆਪਣੇ ਘਰ ਦੇ ਵਿਹੜੇ ਵਿਚ ਘੁੰਮਦਾ ਰਿਹਾ। ਵਾਰ ਵਾਰ ਮੇਰੇ ਦਿਲ ਵਿਚ ਇਹ ਖਿਆਲ ਆਵੇ ਕਿ ਕੀ ਪੰਜਾਬ ਵਿਚ ਹੁਣ ਉਨ੍ਹਾਂ ਵਿਅਕਤੀਆਂ ਦਾ ਜੀਣ ਦਾ ਕੋਈ ਹੱਕ ਨਹੀਂ ਜੋ ਅਕਾਲ ਤਖ਼ਤ 'ਤੇ ਬੈਠੇ ਸੰਤ ਜੀ ਦੀ ਸੋਚਨੀ

'ਹਿੱਟ ਲਿਸਟ' ਨੇ ਜਨਮ ਲਿਆ। ਮੈਂ ਇਹ ਨਾਟਕ ਚੌਕ ਦਰਬਾਰ ਸਾਹਿਬ ਵਿਚ ਜਾ ਕੇ ਕੀਤਾ (ਹੁਣ ਉਹ ਥਾਂ ਦਰਬਾਰ ਸਾਹਿਬ ਦੇ ਆਲੇ ਦੁਆਲੇ ਗਲਿਆਰੇ ਵਿਚ ਆ ਗਈ ਹੈ)। ਅਗਲੇ ਵੀਹ ਦਿਨਾਂ ਵਿਚ ਮੈਂ ਆਪਣੇ ਨਾਟਕ 'ਮਈ ਦਿਨ' ਵਿਚ ਵੀ ਇਸ ਸੋਚ ਦੇ ਵਿਰੁੱਧ ਆਪਣੀ ਆਵਾਜ਼ ਉਠਾਈ। ਨਾਟਕ ਕਲਾ ਨੇ ਆਪਣੀ ਇਹ ਇਤਿਹਾਸਕ ਭੂਮਿਕਾ ਨਿਭਾਈ। ਸਫਦਰ ਹਾਸ਼ਮੀ ਦੀ ਸ਼ਹਾਦਤ ਵੀ ਹਿੰਦੋਸਤਾਨ ਦੇ ਨਾਟਕੀ ਇਤਿਹਾਸ ਵਿਚ ਇਕ ਉਘੜਵੀਂ ਅਤੇ ਸ਼ਾਨ ਵਾਲੀ ਮਿਸਾਲ ਹੈ।

ਕਈ ਵਾਰ ਇਹ ਫਤਵੇ ਦੇ ਰੂਪ ਵਿਚ ਗੱਲ ਕਹੀ ਜਾਂਦੀ ਹੈ ਕਿ ਨਾਟਕ ਚੰਗਾ ਨਹੀਂ ਕਿਹਾ ਜਾ ਸਕਦਾ ਕਿ ਇਸ ਵਿਚ ਪ੍ਰਚਾਰ ਦਾ ਅੰਸ਼ ਮੌਜੂਦ ਸੀ। ਹੁਣ ਜਿਨ੍ਹਾਂ ਨਾਟਕਕਾਰਾਂ ਦੀ ਇਹ ਧਾਰਨਾ ਹੈ ਅਤੇ ਮੈਂ ਇਸ ਵਿਚ ਆਪਣੇ ਆਪ ਨੂੰ ਸ਼ਾਮਲ ਸਮਝਦਾ ਹਾਂ ਕਿ ਜਿਸ ਸਮਾਜ ਵਿਚ ਅਸੀਂ ਜੀ ਰਹੇ ਹਾਂ, ਉਹ ਇਨਕਲਾਬੀ ਤਬਦੀਲੀਆਂ ਦੇ ਬਿਨਾਂ ਜੀਣ ਦੇ ਯੋਗ ਨਹੀਂ ਬਣਾਇਆ ਜਾ ਸਕਦਾ ਅਤੇ ਇਸ ਧਾਰਨਾ ਪਿੱਛੇ ਬਾਕਾਇਦਾ ਸਿਧਾਂਤ ਦੀ ਮੌਜੂਦਗੀ ਹੈ, ਤਾਂ ਉਨ੍ਹਾਂ ਨੇ ਇਸ ਦਾ ਪ੍ਰਗਟਾਵਾ ਕਰਨਾ ਹੀ ਕਰਨਾ ਹੈ। ਇਹਨੂੰ ਪ੍ਰਚਾਰ ਨਹੀਂ ਕਿਹਾ ਜਾ ਸਕਦਾ। ਇਹ ਯਕੀਨ ਹੈ, ਇਹ ਵਿਸ਼ਵਾਸ ਹੈ। ਇਸ ਵਿਸ਼ਵਾਸ ਦਾ ਪ੍ਰਗਟਾਵਾ ਸਫਦਰ ਹਾਸ਼ਮੀ ਕਿਉਂ ਨਾ ਕਰੇ? ਸਵਰਾਜਬੀਰ ਧਰਮ ਗੁਰੂ ਵਿਚ ਕਿਉਂ ਨਾ ਕਰੇ? ਕੇਵਲ ਧਾਲੀਵਾਲ ਲਾਲ ਬੱਤੀ ਵਿਚ ਕਿਉਂ ਨਾ ਕਰੇ? ਉਹ ਕਿਸ ਸ਼ਿੱਦਤ ਨਾਲ ਇਹ ਕਰਦੇ ਹਨ, ਇਹ ਉਨ੍ਹਾਂ ਦੇ ਵਿਸ਼ਵਾਸ ਦੀ ਸੀਮਾਂ ਹੋਵੇਗੀ। ਨਾਟਕਕਾਰ ਜੇ ਵਿਸ਼ਵਾਸ ਵਿਚ ਪੱਕਾ ਹੋਵੇਗਾ ਤਾਂ ਉਹ ਕਈ ਸਵਾਲਾਂ ਦਾ ਹੱਲ ਨਹੀਂ ਦੱਸੇਗਾ, ਬੱਸ ਸਵਾਲ ਕਰਕੇ ਛੱਡ ਦੇਵੇਗਾ। ਇਸ ਨੂੰ ਬਹੁਤ ਵਾਰ ਅਸਲੀ ਕਲਾ ਕਹਿ ਕੇ ਵਡਿਆਇਆ ਜਾਂਦਾ ਹੈ। ਇਹ ਮੁਲਾਂਕਣ ਸਹੀ ਨਹੀਂ ਹੈ। ਨਾਟਕਕਾਰ ਕੋਲ ਜੇਕਰ ਭਵਿੱਖ ਲਈ ਚੰਗੇ ਸਮਾਜ ਦਾ ਸੰਕਲਪ ਹੈ ਤਾਂ ਉਸ ਨੇ ਸੰਕਲਪ ਪੇਸ਼ ਕਰਨਾ ਹੀ ਕਰਨਾ ਹੈ। ਇਹ ਪ੍ਰਚਾਰ ਨਹੀਂ ਹੈ।

ਸਿਆਸੀ ਕਾਨਫਰੰਸਾਂ ਵਿਚ ਹੁਣ ਸਿਧਾਂਤ ਨੂੰ ਸਮਰਪਿਤ ਨਾਟਕਾਂ ਦਾ ਵਿਕਾਸ ਹੋ ਰਿਹਾ ਹੈ। ਪੰਜਾਬੀ ਨਾਟਕਾਂ ਦੀਆਂ ਪੇਸ਼ਕਾਰੀਆਂ ਦਾ ਜਦੋਂ ਸਰਵੇਖਣ ਕੀਤਾ ਜਾਂਦਾ ਹੈ ਤਾਂ ਪਤਾ ਲਗਦਾ ਹੈ ਕਿ ਪੰਜਾਬ ਦਾ ਨਾਟਕ ਜਿਉਂਦਾ ਹੀ ਇਨ੍ਹਾਂ ਨਾਟਕਾਂ ਕਰਕੇ ਹੈ। ਮਾਲੀ ਸੰਕਟ ਕਰਕੇ ਹੋਰ ਤਾਂ ਸਭ ਕੁਝ ਠੱਪ ਪਿਆ ਹੈ। ਉਂਝ ਸਿਧਾਂਤ ਨਾਲ ਜੁੜੇ ਨਾਟਕਕਾਰਾਂ ਦਾ ਫਰਜ਼ ਬਣਦਾ ਹੈ ਕਿ ਉਹ ਆਪਣੀ ਕਲਾ ਨੂੰ ਸਾਧਨਾਂ ਦੇ ਨਾਲ ਤਰਾਸ਼ਦੇ ਹੋਏ ਆਪਣੇ ਰਾਹ 'ਤੇ ਚੱਲਣ ਤੇ ਆਪਣੇ ਲੋਕਾਂ ਪ੍ਰਤੀ ਆਪਣਾ ਫਰਜ਼ ਨਿਭਾਉਣ। ਰਾਜਨੀਤੀ ਸਮਾਜ ਅਤੇ ਨਾਟਕ ਦੇ ਰਿਸ਼ਤੇ ਨੂੰ ਸਹੀ ਤਰੀਕੇ ਨਾਲ ਸਮਝਣ ਦਾ ਯਤਨ ਕਰਨ। ਇਹੀ ਸਮੇਂ ਦੀ